Code : 820158-SA$_1$(M)

## SUMMATIVE ASSESSMENT- 1

ਛਿਮਾਹੀ ਪ੍ਰੀਖਿਆ- SEPT ( 2015)

ਜਮਾਤ- ਅੱਠਵੀਂ

ਸਮਾਂ- 3 ਘੰਟੇ | ਵਿਸ਼ਾ- ਪੰਜਾਬੀ | ਕੁਲ ਅੰਕ- 90

ਜ਼ਰੂਰੀ ਹਦਾਇਤਾਂ :- 1. ਸਾਰੇ ਪ੍ਰਸ਼ਨ ਹੱਲ ਕਰਨੇ ਜ਼ਰੂਰੀ ਹਨ ।
2. ਪੇਪਰ ਤਰਤੀਬ ਅਨੁਸਾਰ ਹੱਲ ਕਰੋ ।
3. ਲਿਖਾਈ ਸੁੰਦਰ ਤੇ ਸਾਫ ਕਰੋ ।

### ਭਾਗ- ੳ (ਸਾਹਿਤ)

1. (ੳ) ਹੇਠ ਲਿਖੀਆਂ ਕਾਵਿ-ਪੰਕਤੀਆਂ ਦੇ ਅਧਾਰ ਤੇ ਪ੍ਰਸ਼ਨਾਂ ਦੇ ਉੱਤਰ ਦਿਉ:-

ਸ਼ਹਿਰਾਂ ਵਾਂਗ ਵਧ ਗਏ ਨੇ, ਪਿੰਡ ਤੇ ਗਿਰਾਂ ਨੀ ।
ਮਾਲੀਆਂ ਦੇ ਸਿਰਾਂ ਉੱਤੇ, ਫੁੱਲਾਂ ਕੀਤੀ ਛਾਂ ਨੀ ।
ਸਰੂ ਜਿਹਾ ਗੱਭਰੂ ਇਹ ਪੁੱਛੇ ਮੁਟਿਆਰ ਨੂੰ ।
ਕਿੰਨੇ ਸੁੱਚੇ ਲਗਦੇ ਨੇ ਨਗ ਤੇਰੇ ਹਾਰ ਨੂੰ ।

1. ਕਵੀ ਅਤੇ ਕਵਿਤਾ ਦਾ ਨਾਂ ਲਿਖੋ ।
2. ਸ਼ਹਿਰਾਂ ਵਾਂਗ ਹੋਰ ਕੀ ਵਧ ਗਿਆ ਹੈ ?
3. ਮਾਲੀਆਂ ਦੇ ਸਿਰਾਂ ਉੱਤੇ ਕਿਸਨੇ ਛਾਂ ਕੀਤੀ ਹੈ ? (2+1+1+1=5)
4. ਗੱਭਰੂ ਮੁਟਿਆਰ ਨੂੰ ਕੀ ਪੁੱਛ ਰਿਹਾ ਹੈ ?

(ਅ) 'ਵਰਖਾ ਰੁੱਤ ਆਈ' ਕਵਿਤਾ ਦਾ ਸਾਰ ਲਿਖੋ - (5)

2. ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ਪੰਜ ਪ੍ਰਸ਼ਨਾਂ ਦੇ ਉੱਤਰ 30-35 ਸ਼ਬਦਾਂ ਵਿਚ ਦਿਉ -

1. ਮਗਰਮੱਛ ਅਤੇ ਮੱਛੀਆਂ ਦੇ ਰਹਿਣ-ਸਹਿਣ ਵਿਚ ਕੀ ਅੰਤਰ ਹੈ ?
2. ਕਿਹੜੀਆਂ ਗੱਲਾਂ ਤੋਂ ਪਤਾ ਲਗਦਾ ਹੈ ਕਿੰ ਮਾਸਟਰ ਬੁੱਧ ਸਿੰਘ ਹੱਥੀ ਕੰਮ ਕਰਨ ਨੂੰ ਮਾੜਾ ਨਹੀਂ ਸੀ ਸਮਝਦਾ ?
3. ਪਾਠ ਵਿਚ ਬੋਤੇ ਦੀਆਂ ਕਿਹੜੀਆਂ ਸਿਫਤਾਂ ਕੀਤੀਆਂ ਗਈਆਂ ਹਨ ?
4. ਮਗਰਮੱਛਣੀ ਨੇ ਆਂਡਿਆਂ ਵਿਚੋ ਬੱਚੇ ਪੈਧਾ ਕਰਨ ਲਈ ਕੀ ਕੁਝ ਕੀਤਾ ?
5. ਕੰਵਲਨੈਣ ਗਿੱਦੜ-ਸਿੰਗੀ ਨੂੰ ਕਿੱਥੋਂ ਲੱਭਦਾ ਫਿਰਦਾ ਸੀ ?
6. 'ਆਪਣੀ ਸਵਾਰੀ ਦੀਆ ਕੀ ਰੀਸਾਂ' ਇਹ ਸ਼ਬਦ ਬਾਪੂ ਨੇ ਕਿਉਂ ਆਖੇ ?
7. ਕੰਵਲਨੈਣ ਦੀ ਤਰੱਕੀ ਦਾ ਭੇਦ ਕੀ ਸੀ ? (2x 5=10)

3. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇਕ ਸਤਰ ਵਿਚ ਦਿਉ-

(ੳ) 'ਗੱਪਬਾਜ਼' ਪਾਠ ਅਨੁਸਾਰ ਪਿੰਡ ਦੇ ਲੋਕ ਵਿਹਲਿਆਂ ਹੋ ਕੇ ਕਿਥੇ ਆ ਬਹਿੰਦੇ ਹਨ ?
(ਅ) ਸੰਮੀ ਬ੍ਰਿਛ ਕਿਸ ਦਾ ਪ੍ਰਤੀਕ ਹੈ ?
(ੲ) 'ਕਬੱਡ' ਸ਼ਬਦ ਦਾ ਕੀ ਅਰਥ ਹੈ ?
(ਸ) ਲਾਲ ਕਿਲ੍ਹਾ ਕਿੰਨੇ ਸਾਲ ਪਹਿਲਾਂ ਗੋਲਕੰਡੇ ਦੀਆਂ ਪਹਾੜੀਆਂ ਤੇ ਸੀ ?
(ਹ) ਦੁਸ਼ਹਿਰਾ ਹੋਰ ਕਿਹੜੇ ਨਾਂ ਨਾਲ ਜਾਣਿਆਂ ਜਾਂਦਾ ਹੈ ?
(ਕ) ਭੌਂਦੂ ਮੱਲ ਦੇ ਪੁੱਤਰਾਂ ਦੇ ਨਾਂ ਲਿਖੋ ।
(ਖ) 'ਕਬੱਡੀ' ਪਾਠ ਦਾ ਲੇਖਕ ਕੌਣ ਹੈ ?
(ਗ) ਕੁੱਲੂ ਦੇ ਦੁਸ਼ਹਿਰੇ ਵਿਚ ਕਿਸਦੀ ਸਵਾਰੀ ਲਕੱੜ ਦੇ ਰਥ ਤੇ ਕੱਢੀ ਜਾਂਦੀ ਹੈ ?
(ਘ) 'ਗੂੰਗੀ ਕੌਡੀ' ਨੂੰ ਹੋਰ ਕੀ ਕਹਿੰਦੇ ਹਨ ?
(ਙ) ਗੱਪਬਾਜ਼ ਸਮਾਜ ਵਿਚ ਕਿਹੜੀ ਥਾਂ ਰਖਦੇ ਹਨ ?
(ਚ) ਰਾਮਲੀਲਾ ਲਈ ਰਮਾਇਣ ਦੀ ਕਥਾ ਨੂੰ ਕਿੰਨੇ ਭਾਗਾਂ ਵਿਚ ਵੰਡਿਆਂ ਜਾਂਦਾ ਹੈ ?
(ਡ) ਕੱਬਡੀ ਦੇ ਜਗਤ ਪ੍ਰਸਿਧ ਖਿਡਾਰੀ ਦਾ ਨਾਂ ਲਿਖੋ ।

(1x12=12)

4. ਰਾਣੀ ਸਾਹਿਬ ਕੌਰ ਬਹਾਦਰੀ ਅਤੇ ਤਿਆਗ ਦੀ ਮੂਰਤ ਸਨ ਉਨਾਂ ਦੇ ਜੀਵਨ ਤੋਂ ਤੁਹਾਨੂੰ ਕੀ ਪ੍ਰੇਰਨਾ ਮਿਲਦੀ ਹੈ ?
(ਉੱਤਰ ਲੱਗਭੱਗ 100 ਸ਼ਬਦਾਂ ਵਿਚ)

ਜਾਂ

ਮਨੁੱਖ ਆਪਣੇ ਸਵਾਰਥ ਲਈ ਕੁਦਰਤੀ ਸੋਮਿਆਂ ਨੂੰ ਦੂਸ਼ਿਤ ਅਤੇ ਨਸ਼ਟ ਕਰਦਾ ਜਾ ਰਿਹਾ ਹੈ । ਯਾਤਰਾ ਪਾਠ ਦੇ ਅਧਾਰ ਤੇ ਲਿਖੋ ਕਿ ਤੁਸੀਂ ਆਪਣੇ ਆਲੇ-ਦੁਆਲੇ ਵਿਚ ਧੜਾ-ਧੜ ਹੋ ਰਹੀ ਰੁੱਖਾਂ ਦੀ ਕਟਾਈ ਨੂੰ ਰੋਕਣ ਲਈ ਕੀ ਯਤਨ ਕਰੋਗੇ ? (ਉੱਤਰ ਲੱਗਭੱਗ 100 ਸ਼ਬਦਾਂ ਵਿਚ )

4

5. (ੳ) ਹੇਠ ਲਿਖੇ ਸ਼ਬਦ ਕਿਸਨੇ ਕਿਸਨੂੰ ਕਹੇ :-
1) "ਖੀਰਾ ਨਹੀ ਤਾਂ ਦੋਦਾ ਹੋਵੇਗਾ-ਹੋਰ ਕਿਹੜਾਂ ਇਸ ਦੇ ਇਕੋਤਰ-ਸੌ ਦੰਦ ਹੋਣੇ ਐਂ ।"
2) "ਓਏ ਭੋਲੇ ਕੁੱਕੜ । ਗਿੱਦੜ-ਸਿੰਗੀ ਨਿੱਕੀ ਜਹੀ ਵਾਲਾਂ ਵਾਲੀ ਚੀਜ਼ ਹੁੰਦੀ ਹੈ ।"
3) "ਕੀ ਹੁੰਦੀਆਂ ਨੇ ਕਾਗ-ਸ਼ਾਰਾਂ ਬੋਤੇ ਦੇ ਟਾਕਰੇ ਉੱਤੇ ।"
4) ".....ਤੇ ਜਦੋਂ ਜੀਅ ਕਰੇ ਪਿਛਾਂਹ ਮੋੜ ਲਓ ।"
5) "ਮੈਂ ਚਾਹੁੰਦਾ ਹਾਂ ਤੈਨੂੰ ਕੋਈ ਸੁਗਾਤ ਦਿਆਂ ।"

(1x5=5)

ਅ) ਸ਼ਬਦਾਂ ਦੇ ਅਰਥ ਲਿਖੋ - 1) ਅਚਨਚੇਤ 2) ਮੋਹ 3) ਮਸਤਕ 4) ਭੈੜ (1x4=4)

## ਭਾਗ ਅ (ਵਿਆਕਰਨ)

6. ੳ) ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਅੱਗੇ (✓) ਦਾ ਨਿਸ਼ਾਨ ਲਗਾਉ :-
1. 'ਸੁਸਤ' ਦਾ ਵਿਰੋਧੀ ਸ਼ਬਦ ਹੈ - ੳ) ਬਿਮਾਰ ਅ) ਚੁਸਤ ੲ) ਅਰਾਮਦਾਇਕ ਸ) ਹਲਕਾ
2. 'ਇੱਜ਼ਤ' ਦਾ ਵਿਰੋਧੀ ਸ਼ਬਦ ਹੈ - ੳ) ਸਨਮਾਨ ਅ) ਮਾਣ ੲ) ਮ਼ਾਨ ਸ) ਬੇਇੱਜ਼ਤੀ

ਅ) 1. 'ਅਸਲ' ਦੇ ਸਮਾਨਾਰਥਕ ਸ਼ਬਦ ਹਨ -
ੳ) ਸਰੋਤਾ, ਸਾਧਨ ਅ) ਨਕਲੀ, ਮਾੜਾ ੲ) ਮੂਲ, ਜੜ੍ਹ ਸ) ਖੋਟਾ, ਭੈੜਾ

(1x2=2)

2.'ਚਾਨਣ' ਦੇ ਸਮਾਨਾਰਥਕ ਸ਼ਬਦ ਹਨ -

ੳ) ਲੋਅ, ਰੋਸ਼ਨੀ ਅ) ਹਨੇਰਾ, ਰਾਤ ੲ) ਸਾਫ, ਸੁਥਰਾ ਸ) ਚਿੱਟਾ, ਚੰਗਾ

ੲ) ਬਹੁਤੇ ਸ਼ਬਦਾਂ ਲਈ ਇਕ ਸ਼ਬਦ ਚੁਣੋ- (1x2=2)

1. ਜਿਸਦੇ ਮਾਪੇ ਮਰ ਗਏ ਹੋਣ -

ੳ) ਔਂਤਰਾਂ ਅ) ਯਤੀਮ ੲ) ਇਕੱਲਾ ਸ) ਬਦਕਿਸਮਤ

2. ਆਪਣੇ ਨਾਲ ਵਾਪਰੀ ਹੋਈ ਘਟਨਾ-

ੳ) ਜੱਗਬੀਤੀ ਅ) ਹੋਰਬੀਤੀ ੲ) ਆਪਬੀਤੀ ਸ) ਸਭਬੀਤੀ

ਸ) 1. 'ਕਮ' ਅਗੇਤਰ ਲਗਾ ਕੇ ਬਣਿਆ ਸਹੀ ਸ਼ਬਦ ਹੈ - (1X2=2)

ੳ) ਕਮਾਈ ਅ) ਕਸਾਈ ੲ) ਕਲਾਈ ਸ) ਕਮਜ਼ੋਰ

2. 'ਸਹਿ' ਅਗੇਤਰ ਲਗਾ ਕੇ ਬਣਿਆ ਸਹੀ ਸ਼ਬਦ ਹੈ -

ੳ) ਸਹਿਪਾਠੀ ਅ) ਸਹਿਨ ੲ) ਸਹਿਜ ਸ) ਸਹਿਮ

ਹ) 1. 'ਆਈ' ਪਿਛੇਤਰ ਲਗਾ ਕੇ ਬਣਿਆ ਸਹੀ ਸ਼ਬਦ ਹੈ - (1X2=2)

ੳ) ਚੰਗਿਆਈ ਅ) ਸੁਰਮਈ ੲ) ਭਲਾਈ ਸ) ਵਡਿਆਈ

2. 'ਈਲਾ' ਪਿਛੇਤਰ ਲਗਾ ਕੇ ਬਣਿਆ ਸਹੀ ਸ਼ਬਦ ਹੈ -

ੳ) ਚੀਲ ਅ) ਉਡਾਊ ੲ) ਕਮਾਊ ਸ) ਖਰਚੀਲਾ

7. (ੳ) ਸ਼ੁੱਧ ਕਰਕੇ ਲਿਖੋ- (½x4=2)

ੳ) ਕੇਹੜਾ ਅ) ਸਾਧਾਰਨ ੲ) ਸ਼ਹੈਰ ਸ) ਸੁਰਗ

(ਅ) 'ਆਦਰ' ਅਤੇ ਅੰਦਰ ਨੂੰ ਵਾਕਾ ਵਿਚ ਵਰਤ ਕੇ ਅਰਥ-ਭੇਦ ਸਪੱਸ਼ਟ ਕਰੋ । (1+1=2)

8. ਵਿਸ਼ਰਾਮ ਚਿੰਨ ਲਗਾਉ- ਬੱਚੇ ਬੁੱਢੇ ਸਭ ਸੈਰ ਕਰਨ ਲਈ ਜਾਂਦੇ ਹਨ ਵਾਹ ਸਵੇਰੇ ਸਵੇਰੇ ਕਿੰਨੀ ਠੰਡੀ ਹਵਾ ਚਲਦੀ ਹੈ । ਕੀ ਤੁਹਾਨੂੰ ਸੈਰ ਕਰਨੀ ਪਸੰਦ ਹੈ । (½x4=2)

9. ਕਹੇ ਅਨੁਸਾਰ ਵਾਕ ਵਟਾਂਦਰਾਂ ਕਰੋ - (1x4=4)

1. ਸਭ ਮੇਰੇ ਮਿੱਤਰ ਹਨ । (ਨਾਂਹਵਾਚਕ ਵਿਚ ਬਦਲੋ)
2. ਮੈਂ ਹਾਲੇ ਸਕੂਲ ਪਹੁੰਚਿਆਂ ਹੀ ਨਹੀ ਸੀ ਕਿ ਘੰਟੀ ਵੱਜ ਗਈ । (ਹਾਂ ਵਾਚਕ ਵਿਚ ਬਦਲੋ)
3. ਆਪਣਾ ਨਾਂ ਦੱਸੋ । (ਪ੍ਰਸ਼ਨਿਕ ਵਿਚ ਬਦਲੋ)
4. ਗੁਲਾਬ ਬਹੁਤ ਸੁੰਦਰ ਹੈ । (ਵਿਸਮਿਕ ਵਿਚ ਬਦਲੋ)

10. ੳ) ਹੇਠ ਲਿਖੇ ਮੁਹਾਵਰਿਆਂ ਵਿਚੋ ਕੋਈ ਚਾਰ ਮੁਹਾਵਰਿਆਂ ਨੂੰ ਵਾਕਾਂ ਵਿਚ ਇਸ ਤਰ੍ਹਾਂ ਵਰਤੋਂ ਕਿ ਅਰਥ ਸਪਸ਼ੱਟ ਹੋ ਜਾਣ :- (1x4=4)

1) ਜਾਨ ਸੁੱਕ ਜਾਣੀ 2) ਖਿਆਲੀ ਪੁਲਾਊ ਪਕਾਉਣਾ 3) ਸਰ ਕਰਨਾ 4) ਊਟ ਪਟਾਂਗ ਬੋਲਣਾ 5) ਅਸਮਾਨ ਨਾਲ ਗੱਲਾਂ ਕਰਨੀਆਂ ।

ਅ) ਹੇਠ ਲਿਖੇ ਅਖਾਂਣ ਕਿਹੜੇ ਮੌਕਿਆਂ ਤੇ ਵਰਤੇ ਜਾਂਦੇ ਹਨ- (1x3=3)

1) ਡਿੱਗੀ ਖੋਤੇ ਤੋਂ ਗੁੱਸਾ ਘੁਮਿਆਰ ਤੇ । 2) ਖੂਹ ਪੁੱਟਦੇ ਨੂੰ ਖਾਤਾ ਤਿਆਰ ।

3) ਸਹਿਜ ਪੱਕੇ ਸੋ ਮਿਠਾ ਹੋਏ ।

11. ਹੇਠ ਲਿਖੇ ਪੈਰ੍ਹੇ ਵਿਚੋਂ ਲਕੀਰੇ ਸ਼ਬਦਾਂ ਦੇ ਰੂਪ (ਨਾਂਵ, ਪੜਨਾਂਵ, ਵਿਸ਼ੇਸ਼ਣ,) ਲਿਖੋ ਅਤੇ ਕਿਸਮਾਂ ਵੀ ਦੱਸੋ-
ਸੁਨੀਤਾ ਅਤੇ ਗੁਨੀਤਾਂ ਦੋਵੇਂ ਸਹੇਲੀਆਂ ਹਨ । ਉਹ ਬੜੀਆਂ ਹੁਸ਼ਿਆਰ ਅਤੇ ਆਗਿਆਕਾਰੀ ਹਨ । ਉਨਾਂ ਨੂੰ ਸਭ ਬਹੁਤ ਪਿਆਰ ਕਰਦੇ ਹਨ । ਉਨ੍ਹਾਂ ਵਰਗਾ ਕੋਈ ਵੀ ਨਹੀਂ ਹੈ । (½ x6=3)

12. ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਉ :-
ਮਨੁੱਖੀ ਜੀਵਨ ਨਿੱਕੀਆਂ-ਨਿੱਕੀਆਂ ਯਾਦਾਂ ਨਾਲ ਭਰਿਆ ਪਿਆ ਹੈ । ਇਨ੍ਹਾਂ ਵਿਚੋਂ ਕੁਝ ਯਾਦਾਂ ਮਿਠੀਆਂ ਹੁੰਦੀਆਂ ਹਨ ਅਤੇ ਕੁਝ ਕੌੜੀਆਂ ਜੋ ਸਾਡੀ ਯਾਦ ਸ਼ਕਤੀ ਉਪੱਰ ਲੰਮੇ ਸਮੇਂ ਲਈ ਉਲੀਕੀਆਂ ਜਾਂਦੀਆਂ ਹਨ । ਮਿੱਠੀਆਂ ਯਾਦਾਂ ਸਾਨੂੰ ਅਨੰਦ ਦਿੰਦੀਆਂ ਹਨ ਅਤੇ ਕੌੜੀਆਂ ਯਾਦਾਂ ਦੁੱਖੀ ਕਰ ਜਾਂਦੀਆਂ ਹਨ ।

1.ਪ੍ਰ:- ਮਨੁੱਖੀ ਜੀਵਨ ਕਿਸ ਨਾਲ ਭਰਿਆ ਹੈ ?
2.ਪ੍ਰ:- ਕਿਹੜੀਆਂ ਯਾਦਾਂ ਸਾਡੀ ਯਾਦ ਸ਼ਕਤੀ ਉਪਰ ਲੰਮੇ ਸਮੇਂ ਲਈ ਉਲੀਕੀਆਂ ਜਾਂਦੀਆਂ ਹਨ ?
3.ਪ੍ਰ:- ਕਿਹੜੀਆਂ ਯਾਦਾਂ ਮਨੁੱਖ ਨੂੰ ਅਨੰਦ ਦਿੰਦੀਆਂ ਹਨ ? (1x3=3)

13. ਡਾਕੀਏ ਦੀ ਲਾਪਰਵਾਹੀ ਲਈ ਪੋਸਟ ਮਾਸਟਰ ਜੀ ਨੂੰ ਸ਼ਿਕਾਇਤ ਪੱਤਰ ਲਿਖੋ । 6

14. ਕਿਸੇ ਇਕ ਵਿਸ਼ੇ ਤੇ ਲੇਖ ਲਿਖੋ :- (150-200 ਸ਼ਬਦਾਂ ਵਿਚ)
1) ਵਿਦਿਆਰਥੀ ਅਤੇ ਖੇਡਾਂ 2) ਪਾਣੀ ਦੀ ਮਹੱਤਤਾ 6